# ਕਰਮਚਾਰੀਆਂ ਦੇ ਮੁਆਵਜ਼ਾ ਲਾਭ ਅਤੇ ਕੋਵਿਡ-19

ਕਰਮਚਾਰੀਆਂ ਦੇ ਮੁਆਵਜ਼ਾ ਲਾਭਾਂ ਨੂੰ, ਤੁਹਾਡੀ ਕਾਰਜ-ਸਬੰਧੀ ਸੱਟ ਜਾਂ ਬਿਮਾਰੀ ਤੋਂ ਠੀਕ ਹੋਣ ਲਈ ਤੁਹਾਡੇ ਲੋੜੀਂਦੇ ਡਾਕਟਰੀ ਇਲਾਜ ਦਾ ਭੁਗਤਾਨ ਕਰਨ ਵਾਸਤੇ ਬਣਾਇਆ ਗਿਆ ਹੈ, ਜਿਵੇਂ ਨੌਕਰੀ 'ਤੇ ਕੋਵਿਡ-19 ਹੋਣਾ। ਇਹ ਅੰਸ਼ਕ ਤੌਰ 'ਤੇ ਤੁਹਾਡੇ ਬਿਮਾਰੀ ਤੋਂ ਠੀਕ ਹੋਣ ਦੌਰਾਨ ਤੁਹਾਡੀ ਖੋਈ ਤਨਖਾਹ ਦੀ ਥਾਂ ਲੈਂਦੇ ਹਨ, ਅਤੇ ਤੁਹਾਡੀ ਕੰਮ 'ਤੇ ਵਾਪਸ ਆਉਣ ਵਿੱਚ ਮਦਦ ਕਰਦਾ ਹੈ। ਇਹ ਲਾਭ, ਕਰਮਚਾਰੀਆਂ ਦੀ ਇਮੀਗ੍ਰੇਸ਼ਨ ਸਥਿਤੀ ਤੋਂ ਬੇਪਰਵਾਹ ਉਪਲਬਧ ਹੁੰਦੇ ਹਨ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਕਾਰਜਸਥਾਨ 'ਤੇ ਕੋਵਿਡ-19 ਦੇ ਸੰਪਰਕ ਵਿੱਚ ਆਏ ਸੀ, ਤਾਂ ਤੁਹਾਨੂੰ ਤੁਰੰਤ ਆਪਣੇ ਰੁਜ਼ਗਾਰਦਾਤਾ ਨੂੰ ਸੂਚਿਤ ਕਰਨਾ ਚਾਹੀਦਾ ਹੈ ਅਤੇ ਕਰਮਚਾਰੀਆਂ ਦੇ ਮੁਆਵਜ਼ਾ ਲਾਭਾਂ ਲਈ ਦਾਅਵਾ ਫਾਈਲ ਕਰਨਾ ਚਾਹੀਦਾ ਹੈ।

ਜੇ ਤੁਹਾਡੀ ਬਿਮਾਰੀ ਆਪਾਤਕਾਲੀ ਹੈ, ਤਾਂ 911 'ਤੇ ਕਾਲ ਕਰੋ ਜਾਂ ਉਸੇ ਵੇਲੇ ਆਪਾਤਕਾਲ ਕਮਰੇ ਵਿੱਚ ਜਾਓ। ਮੈਡੀਕਲ ਕਰਮਚਾਰੀਆਂ ਨੂੰ ਦੱਸੋ ਜੇ ਤੁਹਾਡੀ ਕੋਵਿਡ-19 ਬਿਮਾਰੀ, ਨੌਕਰੀ ਨਾਲ ਸਬੰਧਤ ਹੈ। ਜੇ ਤੁਸੀਂ ਇਸਨੂੰ ਸੁਰੱਖਿਅਤ ਤਰੀਕੇ ਨਾਲ ਕਰ ਸਕੋ, ਤਾਂ ਅੱਗੇ ਦੇ ਨਿਰਦੇਸ਼ਾਂ ਲਈ ਆਪਣੇ ਰੁਜ਼ਗਾਰਦਾਤਾ ਨਾਲ ਸੰਪਰਕ ਕਰੋ।

## ਆਪਣਾ ਦਾਅਵਾ ਕਿਵੇਂ ਫਾਈਲ ਕਰੀਏ

- ਆਪਣੇ ਰੁਜ਼ਗਾਰਦਾਤਾ ਨੂੰ ਦੱਸੋ ਕਿ ਤੁਸੀਂ ਕਰਮਚਾਰੀਆਂ ਦੇ ਮੁਆਵਜ਼ਾ ਲਈ ਦਾਅਵਾ ਫਾਈਲ ਕਰਨਾ ਚਾਹੁੰਦੇ ਹੋ ਜਾਂ ਕਰਮਚਾਰੀਆਂ ਦੇ ਮੁਆਵਜ਼ਾ ਵਿਭਾਗ ਵੈਬਸਾਈਟ ਤੋਂ ਦਾਅਵਾ ਫਾਰਮ ਪੂਰਾ ਕਰੋ।
- ਤੁਹਾਡਾ ਰੁਜ਼ਗਾਰਦਾਤਾ ਆਪਣੇ ਭਾਗਾਂ ਨੂੰ ਭਰ ਕੇ ਬੀਮਾ ਕੰਪਨੀ ਨੂੰ ਭੇਜੇਗਾ।
- ਆਪਣੇ ਰਿਕਾਰਡਾਂ ਲਈ ਆਪਣੇ ਰੁਜ਼ਗਾਰਦਾਤਾ ਤੋਂ ਇੱਕ ਕਾਪੀ ਦੀ ਬੇਨਤੀ ਕਰਨਾ ਯਕੀਨੀ ਬਣਾਓ।
- ਦਾਅਵਾ ਫਾਰਮ ਨੂੰ ਫਾਈਲ ਕਰਨ ਦੇ ਇੱਕ ਦਿਨ ਦੇ ਅੰਦਰ, ਤੁਹਾਡੇ ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ 'ਤੇ ਢੁਕਵੇਂ ਡਾਕਟਰੀ ਇਲਾਜ ਨੂੰ ਅਧਿਕਾਰਤ ਕਰਨਾ ਚਾਹੀਦਾ ਹੈ। ਤੁਹਾਡੇ ਰੁਜ਼ਗਾਰਦਾਤਾ ਦੁਆਰਾ ਇਹ ਨਿਰਣਾ ਕਰਨ ਦੌਰਾਨ ਕਿ ਤੁਹਾਡੇ ਦਾਅਵੇ ਨੂੰ ਸਵੀਕਾਰ ਕਰਨਾ ਹੈ ਜਾਂ ਅਸਵੀਕਾਰ, ਤੁਸੀਂ ਡਾਕਟਰੀ ਇਲਾਜ ਵਿੱਚ $10,000 ਤਕ ਦੀ ਰਕਮ ਪ੍ਰਾਪਤ ਕਰ ਸਕਦੇ ਹੋ।

## ਅੱਗੇ ਕੀ ਹੁੰਦਾ ਹੈ?

→ ਜੇ ਤੁਹਾਨੂੰ 14 ਦਿਨਾਂ ਵਿੱਚ ਤੁਹਾਡੇ ਦਾਅਵੇ ਦੀ ਸਥਿਤੀ ਉੱਤੇ ਕੋਈ ਪੱਤਰ ਨਹੀਂ ਮਿਲਦਾ, ਤਾਂ ਅਪਡੇਟ ਲਈ ਬੀਮਾ ਕੰਪਨੀ ਨੂੰ ਕਾਲ ਕਰੋ।

→ ਜੇ ਤੁਹਾਡਾ ਰੁਜ਼ਗਾਰਦਾਤਾ 90 ਦਿਨਾਂ ਦੇ ਅੰਦਰ ਤੁਹਾਡੇ ਦਾਅਵੇ ਨੂੰ ਅਸਵੀਕਾਰ ਨਹੀਂ ਕਰਦਾ ਹੈ, ਤਾਂ ਤੁਹਾਡੀ ਸੱਟ ਨੂੰ ਕਵਰ ਕੀਤਾ ਗਿਆ ਮੰਨਿਆ ਜਾਂਦਾ ਹੈ।

## ਅਜੇ ਵੀ ਕੋਈ ਸਵਾਲ ਹਨ?

ਤੁਸੀਂ ਕਰਮਚਾਰੀ ਦੇ ਮੁਆਵਜ਼ਾ ਵਿਭਾਗ ਨਾਲ ਸੰਪਰਕ ਕਰ ਸਕਦੇ ਹੋ ਜੇ ਤੁਹਾਡੇ ਕੋਈ ਸਵਾਲ ਹਨ ਜਾਂ ਰਿਕਾਰਡ ਕੀਤੀ ਜਾਣਕਾਰੀ ਲਈ **1-800-736-7401** 'ਤੇ ਕਾਲ ਕਰ ਸਕਦੇ ਹੋ।

## ਇੱਥੇ ਵਧੇਰੀ ਜਾਣਕਾਰੀ ਪ੍ਰਾਪਤ ਕਰੋ:
**dir.ca.gov/dwc/injuredworker.htm**

SAFER AT WORK CALIFORNIA ALL saferatwork.ca.gov